# ਪਿੱਠਭੂਮੀ

## ਅਮਰੀਕੀ ਟੈਰਿਫ਼ਾਂ ਦੇ ਪ੍ਰਭਾਵ ਤੋਂ ਬੀ.ਸੀ. ਦੀ ਸੁਰੱਖਿਆ ਕਰਨਾ

ਬੱਜਟ 2025 ਉਸ ਅਨਿਸ਼ਚਿਤ ਆਰਥਿਕ ਸਮੇਂ ਦੌਰਾਨ ਤਿਆਰ ਕੀਤਾ ਗਿਆ ਸੀ ਜਦ ਬ੍ਰਿਟਿਸ਼ ਕੋਲੰਬੀਆ ਨੂੰ ਅਮਰੀਕਾ ਤੋਂ ਟੈਰਿਫ਼ ਸੰਬੰਧਿਤ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਅਨਿਸ਼ਚਿਤਤਾ ਕਾਰਨ ਸੂਬੇ ਲਈ ਟੈਰਿਫ਼ ਦੇ ਸਹੀ ਪ੍ਰਭਾਵਾਂ ਦਾ ਅਨੁਮਾਨ ਲਗਾਉਣਾ, ਅਤੇ ਨਾਲ ਹੀ ਇਸ ਗੱਲ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿ ਲੋਕਾਂ ਅਤੇ ਕਾਰੋਬਾਰਾਂ ਦੀ ਮਦਦ ਲਈ ਕਿਹੜੇ ਉਪਾਵਾਂ ਦੀ ਲੋੜ ਹੋ ਸਕਦੀ ਹੈ। ਸੂਬਾ ਕਿਸੇ ਵੀ ਪਰਿਸਥਿਤੀ ਨਾਲ ਨਜਿੱਠਣ ਲਈ ਅਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਇਨ੍ਹਾਂ ਖਤਰਿਆਂ ਤੋਂ ਬਚਾਉਣ, ਅਤੇ ਉਨ੍ਹਾਂ ਨੌਕਰੀਆਂ ਅਤੇ ਸੇਵਾਵਾਂ ਨੂੰ ਸੁਰੱਖਿਅਤ ਕਰਨ ਲਈ ਤਿਆਰ ਹੈ, ਜਿਨ੍ਹਾਂ 'ਤੇ ਲੋਕ ਨਿਰਭਰ ਹਨ।

ਬੀ.ਸੀ. ਨੇ ਹੋਰ ਥਾਂਵਾਂ ਨਾਲ ਆਪਣੇ ਵਪਾਰਕ ਸੰਬੰਧਾਂ ਨੂੰ ਮਜ਼ਬੂਤ ਕੀਤਾ ਹੈ, ਜਿਸ ਕਾਰਨ ਅਮਰੀਕਾ 'ਤੇ ਨਿਰਭਰਤਾ ਘਟੀ ਹੈ। ਬੀ.ਸੀ. ਨੇ 2024 ਵਿੱਚ ਆਪਣਾ 52.8% ਸਮਾਨ ਅਮਰੀਕਾ ਨੂੰ ਨਿਰਯਾਤ ਕੀਤਾ, ਜੋ ਕਿ 2000 ਵਿੱਚ 65.8% ਨਾਲੋਂ ਘੱਟ ਸੀ। ਇਸ ਦੇ ਨਾਲ ਹੀ, ਬੀ.ਸੀ. ਨੇ ਚੀਨ ਅਤੇ ਸਾਊਥ ਕੋਰੀਆ ਸਮੇਤ ਪ੍ਰਮੁੱਖ ਏਸ਼ੀਆਈ ਮਾਰਕਿਟਾਂ ਨਾਲ ਆਪਣੇ ਵਪਾਰਕ ਸੰਬੰਧਾਂ ਦਾ ਵਿਸਤਾਰ ਕੀਤਾ ਹੈ।

ਇਸ ਦੀ ਤੁਲਨਾ ਵਿੱਚ, 2024 ਵਿੱਚ ਐਲਬਰਟਾ ਦੇ ਸਮਾਨ ਦੇ ਨਿਰਯਾਤ ਦਾ ਲਗਭਗ 88% ਹਿੱਸਾ ਅਤੇ ਓਨਟਾਰੀਓ ਅਤੇ ਕਿਊਬੈਕ ਦੇ ਸਮਾਨ ਦੇ ਨਿਰਯਾਤ ਦਾ ਔਸਤਨ 76.1% ਹਿੱਸਾ ਅਮਰੀਕਾ ਨੂੰ ਗਿਆ ਸੀ। ਜਦੋਂ ਅਮਰੀਕੀ ਟੈਰਿਫ਼ ਦੇ ਪ੍ਰਭਾਵਾਂ ਨੂੰ ਘਟਾਉਣ ਦੀ ਗੱਲ ਆਉਂਦੀ ਹੈ ਤਾਂ ਬੀ.ਸੀ. ਦੂਜੇ ਸੂਬਿਆਂ ਦੇ ਮੁਕਾਬਲੇ ਬਿਹਤਰ ਸਥਿਤੀ ਵਿੱਚ ਹੈ। ਹਾਲਾਂਕਿ, ਪ੍ਰਭਾਵ ਅਜੇ ਵੀ ਗੰਭੀਰ ਹੋਵੇਗਾ।

ਕੁਝ ਖੇਤਰ, ਨਿਰਯਾਤ ਲਈ ਅਮਰੀਕਾ 'ਤੇ ਵਧੇਰੇ ਨਿਰਭਰ ਹਨ। ਉਦਾਹਰਣ ਵਜੋਂ, 2024 ਵਿੱਚ, ਬੀ.ਸੀ. ਨੇ ਆਪਣੀ ਸਾਰੀ ਨੈਚੁਰਲ ਗੈਸ ਅਤੇ ਬਿਜਲੀ ਅਤੇ ਆਪਣੀ ਸੌਫਟਵੁੱਡ ਲੰਬਰ ਦਾ 74.8% ਹਿੱਸਾ ਅਮਰੀਕਾ ਨੂੰ ਨਿਰਯਾਤ ਕੀਤਾ।

ਅਮਰੀਕੀ ਆਯਾਤ, ਬੀ.ਸੀ. ਵਿੱਚ ਆਉਣ ਵਾਲੀਆਂ ਸਾਰੀਆਂ ਚੀਜ਼ਾਂ ਦਾ 34.5% ਹਿੱਸਾ ਹਨ, ਜਿਸ ਵਿੱਚ ਮਸ਼ੀਨਰੀ ਅਤੇ ਉਪਕਰਣ, ਖੇਤੀਬਾੜੀ ਅਤੇ ਆਹਾਰ, ਅਤੇ ਊਰਜਾ ਉਤਪਾਦ ਸ਼ਾਮਲ ਹਨ।

ਸਭ ਤੋਂ ਵਧੀਆ ਤਰੀਕੇ ਨਾਲ ਤਿਆਰ ਰਹਿਣ ਲਈ, ਵਿੱਤ ਮੰਤਰਾਲੇ ਨੇ ਲਗਾਤਾਰ ਬਦਲ ਰਹੀ ਜਾਣਕਾਰੀ ਦੇ ਅਧਾਰ 'ਤੇ ਸੰਭਾਵਿਤ ਪ੍ਰਭਾਵਾਂ ਦੀ ਇੱਕ ਲੜੀ ਪੇਸ਼ ਕੀਤੀ ਹੈ।

16 ਜਨਵਰੀ, 2025 ਨੂੰ ਜਾਰੀ ਕੀਤੇ ਗਏ ਮੁਲਾਂਕਣ ਵਿੱਚ ਮੰਨਿਆ ਗਿਆ ਸੀ ਕਿ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੀਆਂ ਸਾਰੀਆਂ ਚੀਜ਼ਾਂ 'ਤੇ 25% ਟੈਰਿਫ਼ ਲਾਗੂ ਕਰੇਗਾ, ਅਤੇ ਕੈਨੇਡਾ ਨੇ ਸਾਰੇ ਅਮਰੀਕੀ ਸਮਾਨ 'ਤੇ 25% ਟੈਰਿਫ਼ ਨਾਲ ਪੂਰੀ ਜਵਾਬੀ ਕਾਰਵਾਈ ਕੀਤੀ।

ਮੰਤਰਾਲੇ ਨੇ ਬੱਜਟ 2025 ਦੇ ਆਰਥਿਕ ਅਤੇ ਵਿੱਤੀ ਅਨੁਮਾਨ ਅਤੇ 4 ਫ਼ਰਵਰੀ, 2025 ਤੱਕ ਦੀ ਟੈਰਿਫ਼ ਸੰਬੰਧਿਤ ਤਾਜ਼ਾ ਜਾਣਕਾਰੀ ਦੇ ਅਧਾਰ 'ਤੇ ਆਪਣੇ ਮੁਲਾਂਕਣ ਨੂੰ ਅੱਪਡੇਟ ਕੀਤਾ ਹੈ। ਇਸ ਨਵੀਂ ਯੋਜਨਾ ਮੁਤਾਬਕ ਮੰਨਿਆ ਜਾ ਰਿਹਾ ਹੈ ਕਿ ਕਨੇਡੀਅਨ ਊਰਜਾ ਉਤਪਾਦਾਂ 'ਤੇ 10% ਟੈਰਿਫ਼ ਅਤੇ ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੀਆਂ ਹੋਰ ਸਾਰੀਆਂ ਚੀਜ਼ਾਂ 'ਤੇ 25% ਟੈਰਿਫ਼ ਲਗਾਏ ਜਾਣਗੇ। ਇਸ ਤੋਂ ਇਲਾਵਾ, ਕੈਨੇਡਾ ਨੇ ਅੰਸ਼ਕ ਜਵਾਬੀ ਕਾਰਵਾਈ ਕਰਦਿਆਂ, ਅਮਰੀਕਾ ਤੋਂ ਆਯਾਤ ਕੀਤੇ ਜਾਣ ਵਾਲੇ ਅੱਧੇ ਤੋਂ ਘੱਟ ਸਮਾਨ 'ਤੇ 25% ਟੈਰਿਫ਼ ਲਾਗੂ ਕੀਤੇ ਹਨ।

ਇਹ ਯੋਜਨਾ ਇਹ ਵੀ ਮੰਨਦੀ ਹੈ ਕਿ ਫੈਡਰਲ ਸਰਕਾਰ, ਆਪਣੇ ਵੱਲੋਂ ਸੰਕੇਤ ਅਨੁਸਾਰ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਲੋੜ ਮੁਤਾਬਕ ਸਹਾਇਤਾ ਪ੍ਰਦਾਨ ਕਰੇਗੀ, ਅਤੇ ਇਹ ਵੀ ਕਿ ਬੈਂਕ ਔਫ ਕੈਨੇਡਾ ਵਿਆਜ ਦਰਾਂ ਨੂੰ ਘਟਾਏਗਾ।

ਇਹ ਹਾਲਾਤ-ਅਧਾਰਤ ਯੋਜਨਾ, ਬੀ.ਸੀ. ਦੀ ਆਰਥਿਕਤਾ ਅਤੇ ਵਿੱਤੀ ਸਥਿਤੀ 'ਤੇ ਅਮਰੀਕੀ ਟੈਰਿਫ਼ ਦੇ ਹੇਠ ਲਿਖੇ ਸੰਭਾਵਿਤ ਪ੍ਰਭਾਵਾਂ ਨੂੰ ਦਰਸਾਉਂਦੀ ਹੈ:

- 2029 ਤੱਕ ਅਸਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿੱਚ ਕੁੱਲ $43 ਬਿਲੀਅਨ ਦਾ ਘਾਟਾ;
- 2029 ਤੱਕ 45,000 ਘੱਟ ਨੌਕਰੀਆਂ;
- ਬੇਰੁਜ਼ਗਾਰੀ ਦੀ ਦਰ 2025 ਵਿੱਚ ਵਧ ਕੇ 6.4% ਅਤੇ 2026 ਵਿੱਚ 6.7%;
- ਕੌਰਪੋਰੇਟ ਮੁਨਾਫੇ ਵਿੱਚ ਸਲਾਨਾ $3.2 ਬਿਲੀਅਨ ਤੋਂ $5 ਬਿਲੀਅਨ ਦੀ ਗਿਰਾਵਟ;
- ਮਾਲੀਏ ਵਿੱਚ ਸਲਾਨਾ $1.4 ਬਿਲੀਅਨ ਤੱਕ ਦਾ ਘਾਟਾ

ਬੱਜਟ 2025 ਦੀ ਯੋਜਨਾ ਦੇ ਨਤੀਜੇ 16 ਜਨਵਰੀ ਦੇ ਮੁਲਾਂਕਣ ਨਾਲੋਂ ਘੱਟ ਗੰਭੀਰ ਹਨ, ਅਤੇ ਇਸ ਦਾ ਇੱਕ ਕਾਰਨ ਇਹ ਹੈ ਕਿ ਟੈਰਿਫ਼ ਅੰਦਾਜ਼ੇ ਨਾਲੋਂ ਘੱਟ ਹਨ ਅਤੇ ਦੂਜਾ ਇਹ ਕਿ ਇਹ ਬੱਜਟ, 2024 ਦੀ ਪਤਝੜ ਦੇ ਵਿੱਤੀ ਅੱਪਡੇਟ ਤੋਂ ਬਾਅਦ ਕੀਤੀਆਂ ਗਈਆਂ ਆਰਥਿਕ ਤਬਦੀਲੀਆਂ ਨੂੰ ਸ਼ਾਮਲ ਕਰਦਾ ਹੈ। ਹਾਲਾਂਕਿ, ਜੇਕਰ ਟੈਰਿਫ਼ ਲਾਗੂ ਹੁੰਦੇ ਹਨ ਤਾਂ ਇਨ੍ਹਾਂ ਤਬਦੀਲੀਆਂ ਨੂੰ ਮਿਲਾ ਕੇ ਸੂਬਾਈ ਮਾਲੀਏ ਨੂੰ ਸਲਾਨਾ $1.7 ਬਿਲੀਅਨ ਤੋਂ $3.4 ਬਿਲੀਅਨ ਤੱਕ ਦਾ ਨੁਕਸਾਨ ਹੋ ਸਕਦਾ ਹੈ। ਇਹ ਸਿਹਤ, ਸਿੱਖਿਆ ਅਤੇ ਸਮਾਜ ਸੇਵਾ ਮੰਤਰਾਲਿਆਂ ਨੂੰ ਛੱਡ ਕੇ, ਬੀ.ਸੀ. ਦੇ ਜ਼ਿਆਦਾਤਰ ਮੰਤਰਾਲਿਆਂ ਦੇ ਬੱਜਟ ਤੋਂ ਵੱਧ ਹੈ।

ਟੈਰਿਫ਼ ਦੇ ਪ੍ਰਭਾਵ ਇਸ ਗੱਲ 'ਤੇ ਨਿਰਭਰ ਕਰਦੇ ਹੋਏ ਵਧੇਰੇ ਗੰਭੀਰ ਹੋ ਸਕਦੇ ਹਨ ਕਿ ਕਿਹੜੀਆਂ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ, ਜੇ ਫੈਡਰਲ ਸਹਾਇਤਾ ਅਨੁਮਾਨ ਨਾਲੋਂ ਘੱਟ ਹੈ, ਜੇ ਕੈਨੇਡਾ ਦੀ ਜਵਾਬੀ ਕਾਰਵਾਈ ਵਧਦੀ ਹੈ ਅਤੇ ਜੇ ਅਮਰੀਕਾ ਵੱਲੋਂ ਹੋਰ ਟੈਰਿਫ਼ ਲਗਾਏ ਜਾਂਦੇ ਹਨ, ਤਾਂ ਇਸ ਦੇ ਨਤੀਜੇ ਵਜੋਂ ਟੈਰਿਫ਼ ਹੋਰ ਵੀ ਵੱਧ ਸਕਦੇ ਹਨ।

ਬੀ.ਸੀ. ਅਮਰੀਕੀ ਟੈਰਿਫ਼ਾਂ ਦੇ ਜਵਾਬ ਵਿੱਚ ਕਿਸੇ ਵੀ ਪਰਿਸਥਿਤੀ ਵਿੱਚ, ਤਿੰਨ-ਭਾਗੀ ਕਾਰਵਾਈ ਲਈ ਤਿਆਰ ਹੈ:

1. ਬੀ.ਸੀ. ਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ, ਜਿਸ ਵਿੱਚ ਪ੍ਰੋਜੈਕਟਾਂ ਨੂੰ ਤੇਜ਼ ਕਰਨਾ ਅਤੇ ਉਦਯੋਗ ਅਤੇ ਕਾਮਿਆਂ ਦੀ ਸਹਾਇਤਾ ਕਰਨਾ ਸ਼ਾਮਲ ਹੈ;
2. ਉਤਪਾਦਾਂ ਲਈ ਨਵੀਆਂ ਟ੍ਰੇਡ ਮਾਰਕਿਟਾਂ ਵਿੱਚ ਵਿਸਤਾਰ ਕਰਨਾ, ਤਾਂ ਜੋ ਬੀ.ਸੀ. ਅਮਰੀਕੀ ਮਾਰਕਿਟਾਂ ਅਤੇ ਗਾਹਕਾਂ 'ਤੇ ਘੱਟ ਨਿਰਭਰ ਹੋਵੇ; ਅਤੇ
3. ਅਮਰੀਕੀ ਟੈਰਿਫ਼ ਨਾਲ ਨਜਿੱਠਣ ਲਈ ਸਖਤ ਜਵਾਬੀ ਕਾਰਵਾਈਆਂ ਅਤੇ ਅਮਰੀਕੀ ਫੈਸਲੇ ਲੈਣ ਵਾਲਿਆਂ ਤੱਕ ਪਹੁੰਚ ਕਰਨਾ।

ਇਸ ਜਵਾਬੀ ਕਾਰਵਾਈ ਦੇ ਹਿੱਸੇ ਵਜੋਂ, ਸੂਬਾ ਉਨ੍ਹਾਂ ਪ੍ਰਮੁੱਖ ਕੁਦਰਤੀ-ਸਰੋਤ ਪ੍ਰੋਜੈਕਟਾਂ ਦੀ ਸਮੀਖਿਆ ਅਤੇ ਪਰਮਿਟ ਪ੍ਰਕਿਰਿਆ ਨੂੰ ਸੁਚਾਰੂ ਬਣਾ ਰਿਹਾ ਹੈ, ਜੋ ਅੱਗੇ ਵਧਣ ਲਈ ਤਿਆਰ ਹਨ। ਇਨ੍ਹਾਂ ਪ੍ਰੋਜੈਕਟਾਂ ਦੇ $20 ਬਿਲੀਅਨ ਦੇ ਹੋਣ ਦਾ ਅਨੁਮਾਨ ਹੈ ਅਤੇ ਇਹ ਲਗਭਗ 8,000 ਨੌਕਰੀਆਂ ਵਿੱਚ ਮਦਦ ਕਰਨਗੇ।

ਸੂਬਾ ਬੀ.ਸੀ. ਦੀ ਆਰਥਿਕਤਾ ਨੂੰ ਮਜ਼ਬੂਤ ਕਰਨ, ਸਾਡੀਆਂ ਮਾਰਕਿਟਾਂ ਵਿੱਚ ਵਿਭਿੰਨਤਾ ਲਿਆਉਣ ਅਤੇ 'ਟੀਮ ਕੈਨੇਡਾ' ਦੇ ਹਿੱਸੇ ਵਜੋਂ ਜਵਾਬ ਦੇਣ ਲਈ ਹਿਮਾਇਤੀਆਂ ਦਾ ਇੱਕ ਵਿਆਪਕ ਗੱਠਜੋੜ ਇਕੱਠਾ ਕਰ ਰਿਹਾ ਹੈ, ਜਿਸ ਵਿੱਚ ਇੱਕ ਟ੍ਰੇਡ ਅਤੇ ਆਰਥਿਕ ਸੁਰੱਖਿਆ ਟਾਸਕ ਫੋਰਸ ਸ਼ਾਮਲ ਹੈ ਜੋ ਬਿਜ਼ਨਸ, ਲੇਬਰ ਅਤੇ ਇੰਡੀਜਨਸ (ਮੂਲ ਨਿਵਾਸੀ) ਮੋਢੀਆਂ ਨੂੰ ਇਕੱਠੇ ਕਰਦੀ ਹੈ।

ਟੈਰਿਫ਼ ਸੰਬੰਧਿਤ ਅਨਿਸ਼ਚਿਤਤਾ ਦੇ ਮੱਦੇਨਜ਼ਰ, ਖੇਤੀਬਾੜੀ ਅਤੇ ਆਹਾਰ ਆਰਥਿਕਤਾ 'ਤੇ ਇੱਕ ਨਵੀਂ ਪ੍ਰੀਮੀਅਰ ਟਾਸਕ ਫੋਰਸ, ਕਿਸਾਨਾਂ ਨੂੰ ਨਵੀਆਂ ਮਾਰਕਿਟਾਂ ਲੱਭਣ ਵਿੱਚ ਮਦਦ ਕਰਨ ਲਈ ਥੋੜ੍ਹੇ ਅਤੇ ਲੰਬੇ ਸਮੇਂ ਦੇ ਹੱਲਾਂ 'ਤੇ ਕੰਮ ਕਰ ਰਹੀ ਹੈ, ਅਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਕਿਫ਼ਾਇਤੀ ਅਤੇ ਪੌਸ਼ਟਿਕ ਭੋਜਨ ਤੱਕ ਭਰੋਸੇਯੋਗ ਪਹੁੰਚ ਪ੍ਰਦਾਨ ਕਰਨ ਵਿੱਚ ਸਹਾਇਤਾ ਕਰ ਰਹੀ ਹੈ।

ਬੀ.ਸੀ. ਦੇ ਕਾਮਿਆਂ, ਕਾਰੋਬਾਰਾਂ, ਆਰਥਿਕਤਾ ਨੂੰ ਸੁਰੱਖਿਅਤ ਕਰਨ ਅਤੇ ਉਨ੍ਹਾਂ ਸੇਵਾਵਾਂ ਦੀ ਰੱਖਿਆ ਕਰਨ, ਜਿਨ੍ਹਾਂ 'ਤੇ ਲੋਕ ਨਿਰਭਰ ਹਨ, ਲਈ ਬੀ.ਸੀ. ਸਮੁੱਚੀ ਸਰਕਾਰ ਵਿਚਕਾਰ ਇੱਕ ਤਾਲਮੇਲ ਵਾਲੀ ਪਹੁੰਚ ਅਪਣਾ ਰਿਹਾ ਹੈ।

**ਸੰਪਰਕ:**

ਵਿੱਤ ਮੰਤਰਾਲਾ
ਮੀਡੀਆ ਰੀਲੇਸ਼ਨਜ਼
236 969-0744